ਉਪਰੰਦ ਤਿਸ ਦੇ ਸਿੱਖਾਂ ਵਿੱਚੋਂ ਬਹੁਤਿਆਂ ਨੈ ਸੁਣਕੇ ਆਖਿ- ੬੦
ਆ, ਜੋ ਇਹ ਔਖੀ ਗੱਲ ਹੈ, ਉਸ ਨੂੰ ਕੌਣ ਸੁਣ ਸਕਦਾ ਹੈ?
ਪਰ ਜਿਸੁ ਨੈ ਆਪਣੇ ਵਿੱਚ ਇਹ ਜਾਣਕੇ, ਜੋ ਉਸ ਦੇ ਸਿੱਖ ਆ- ੬੧
ਪਸ ਵਿੱਚ ਇਸ ਗੱਲ ਪੁਰ ਘੁੜਬੁੜਾਉਂਦੇ ਹਨ, ਤਿਨਾਂ ਨੂੰ ਆਖਿ-
ਆ, ਕਿਆ ਇਹ ਤੁਹਾ ਨੂੰ ਠੋਕੁਰ ਖੁਲਾਉਂਦਾ ਹੈ? ਉਪਰੰਦ ਜੇ ੬੨
ਤੁਸੀਂ ਮਨੁੱਖ ਦੇ ਪੁਤ੍ਰ ਨੂੰ ਉੱਪੁਰ ਜਾਂਦਾ ਦੇਖੋਗੇ, ਕਿ ਜਿੱਥੇ ਉਹ ਅੱਗੇ
ਸਾ, ਤਾਂ ਕੀ ਹੋਵੇਗਾ? ਜੀਉਣ ਦੇਣਵਾਲਾ ਤਾ ਆਤਮਾ ਹੈ; ੬੩
ਮਾਸ ਤੇ ਕੁਛ ਫਲ ਨਹੀਂ। ਓਹ ਗੱਲਾਂ ਜੋ ਮੈਂ ਤੁਹਾ ਨੂੰ ਆਖੀਆਂ
ਹਨ, ਸੋ ਆਤਮਾ ਅਰ ਜੀਉਣ ਹਨ। ਪਰ ਤੁਹਾਡੇ ਵਿੱਚੋਂ ਕਿਤਨੇ
ਹੀ ਹਨ, ਜੋ ਨਹੀਂ ਪਤੀਜਦੇ। (ਕਿਉਂਕਿ ਜਿਸੁ ਪਹਿਲੇ ਹੀ ਤੇ ੬੪
ਜਾਣਦਾ ਸਾ, ਕਿ ਜਿਹੜੇ ਨਹੀਂ ਪਤੀਜਦੇ, ਓਹ ਕੌਣ ਹਨ, ਅਰ
ਕੌਣ ਮੈ ਨੂੰ ਪਕੜਾਵੇਗਾ।) ਅਰ ਤਿਸ ਨੈ ਆਖਿਆ, ਜੋ ਮੈਂ ੬੫
ਤੁਹਾ ਨੂੰ ਇਸ ਕਾਰਨ ਇਹ ਕਿਹਾ ਸਾ, ਕਿ ਕੋਈ ਮੇਰੇ ਕੋਲ ਨਹੀਂ
ਆ ਸਕਦਾ ਜੇ ਇਹ ਮੇਰੇ ਪਿਤਾ ਦੀ ਵਲੋਂ ਉਸ ਨੂੰ ਬਖਸਿਆ ਨਾ
ਗਿਆ ਹੋਵੇ। ਉਸ ਵੇਲੇ ਤੇ ਲਾਕੇ ਤਿਸ ਦੇ ਸਿੱਖਾਂ ਵਿੱਚੋਂ ੬੬
ਬਹੁਤ ਪਿੱਛੇ ਨੂੰ ਹਟ ਗਏ, ਅਰ ਫੇਰ ਤਿਸ ਦੇ ਨਾਲ ਨਾ ਚੱਲੇ।
ਉਪਰੰਦ ਜਿਸੂ ਨੈ ਉਨਾਂ ਬਾਰਾਂ ਨੂੰ ਆਖਿਆ, ਕਿਆ ਤੁਸੀਂ ਬੀ ੬੭
ਜਾਣਾ ਚਾਹੰਦੇ ਹੋ? ਤਾਂ ਸਮਊਨ ਪਤਰਸ ਨੈ ਤਿਸ ਨੂੰ ਇਹ ੬੮
ਉੱਤਰ ਦਿੱਤਾ, ਹੇ ਪ੍ਰਭੁ, ਅਸੀਂ ਕਿਹ ਦੇ ਪਾਸ ਜਾਇਏ? ਸਦੀਪਕ
ਜੀਉਣ ਦੀਆਂ ਗੱਲਾਂ ਤਾ ਤੇਰੇ ਕੋਲ ਹਨ। ਅਰ ਅਸੀਂ ਤਾ ਪਤੀ- ੬੯
ਜੇ ਹਾਂ, ਅਰ ਮਲੂਮ ਕੀਤਾ ਹੈ, ਕਿ ਤੂੰ ਜੀਉਂਦੇ ਪਰਮੇਸੁਰ ਦਾ ਪੁਤ੍ਰ
ਮਸੀਹ ਹੈਂ। ਜਿਸੂ ਨੈ ਤਿਨਾਂ ਨੂੰ ਅੱਗੋਂ ਆਖਿਆ, ਕਿਆ ਮੈਂ ਤੁ- ੭੦
ਸਾਂ ਬਾਰਾਂ ਨੂੰ ਨਹੀਂ ਛਾਂਟਿਆ? ਪਰ ਤੁਹਾਡੇ ਵਿੱਚੋਂ ਇੱਕ ਜਣਾ
ਸਤਾਨ ਹੈ। ਅਰ ਉਸ ਨੈ ਇਹ ਸਮਊਨ ਦੇ ਪੁਤ੍ਰ ਯਹੂਦਾ ਇਸ- ੭੧

ਕਰਿਯੂਤੀ ਦੀ ਬਾਬਤ ਆਖਿਆ; ਕਿੰਉਕਿ ਉਹ ਉਨਾਂ ਬਾਰਾਂ
ਵਿੱਚੋਂ ਸਾ, ਅਤੇ ਉਸ ਨੂੰ ਪਕੜਾਇਆ ਚਾਹੁੰਦਾ ਸਾ ॥——

੭ ਕਾਂਡ

ਅਤੇ ਇਸ ਤੇ ਪਿੱਛੋਂ ਯਿਸੂ ਜਲੀਲ ਵਿੱਚ ਫਿਰਦਾ ਸਾ; ਕਿੰਉ-
ਕਿ ਤਿਸ ਨੈ ਯਹੂਦਿਯਾ ਵਿੱਚ ਫਿਰਨਾ ਨਾ ਚਾਹਿਆ; ਇਸ ਲਈ
੨ ਜੋ ਯਹੂਦੀ ਤਿਸ ਨੂੰ ਕਤਲ ਕਰਨ ਵਾਸਤੇ ਢੂੰਢਦੇ ਸੇ। ਅਰ
੩ ਯਹੂਦੀਆਂ ਦਾ ਤੰਬੂਵਾਲਾ ਪਰਬ ਨੇੜੇ ਸਾ। ਤਾਂ ਉਸ ਦੇ ਭਾ-
ਈਆਂ ਨੈ ਤਿਸ ਨੂੰ ਆਖਿਆ, ਇੱਥੋਂ ਤੁਰਕੇ ਯਹੂਦਿਯਾ ਵਿੱਚ
ਜਾਹ, ਇਸ ਲਈ ਕਿ ਤੇਰੇ ਕੰਮਾਂ ਨੂੰ, ਜੋ ਤੂੰ ਕਰਦਾ ਹੈਂ, ਤੇਰੇ ਸਿੱਖ
੪ ਬੀ ਵੇਖਣ। ਕਿੰਉਕਿ ਜੋ ਕੋਈ ਆਪ ਉੱਘਾ ਹੋਣਾ ਚਾਹੁੰਦਾ ਹੈ,
ਸੋ ਗੁਪਤ ਵਿੱਚ ਕੁਛ ਨਹੀਂ ਕਰਦਾ। ਜੇ ਤੂੰ ਏਹ ਕੰਮ ਕਰਦਾ ਹੈਂ,
੫ ਤਾਂ ਆਪਣੇ ਤਾਈਂ ਜਗਤ ਪੁਰ ਪਰਗਟ ਕਰ। ਕਿੰਉਕਿ ਤਿਸ ਦੇ
੬ ਭਾਈ ਬੀ ਤਿਸ ਪੁਰ ਨਹੀਂ ਪਤੀਜੇ ਸੇ। ਤਦ ਯਿਸੂ ਨੈ ਉਨਾਂ ਨੂੰ
ਕਿਹਾ, ਕਿ ਮੇਰਾ ਸਮਾ ਅਜਾਂ ਨਹੀਂ ਆਇਆ, ਪਰ ਤੁਹਾਡਾ ਸਦੇਂ
੭ ਤਿਆਰ ਹੈ। ਜਗਤ ਤੁਹਾਡੇ ਨਾਲ ਵੈਰ ਨਹੀਂ ਕਰ ਸਕਦਾ, ਪਰ
ਮੇਰੇ ਨਾਲ ਵੈਰ ਕਰਦਾ ਹੈ; ਕਿੰਉਕਿ ਮੈਂ ਉਸ ਪੁਰ ਸਾਖੀ ਦਿੰਦਾ
੮ ਹਾਂ, ਜੋ ਤਿਸ ਦੇ ਕੰਮ ਬੁਰੇ ਹਨ। ਤੁਸੀਂ ਇਸ ਪਰਬ ਵਿੱਚ ਜਾਓ;
ਮੈਂ ਅਜੇ ਇਸ ਪਰਬ ਵਿਖੇ ਨਹੀਂ ਜਾਂਦਾ; ਕਿੰਉਕਿ ਮੇਰਾ ਸਮਾ
੯ ਅਜੇ ਪੂਰਾ ਨਹੀਂ ਹੋਇਆ। ਅਤੇ ਉਹ ਏਹ ਗੱਲਾਂ ਤਿਨਾਂ ਨੂੰ
੧੦ ਆਖਕੇ, ਜਲੀਲ ਵਿਖੇ ਰਿਹਾ। ਪਰ ਜਾਂ ਉਸ ਦੇ ਭਾਈ ਤੁਰ
ਪਏ ਸੇ, ਤਾਂ ਉਹ ਆਪ ਬੀ ਉਸ ਪਰਬ ਵਿੱਚ ਗਿਆ—ਪਰਗਟ
੧੧ ਨਹੀਂ, ਪਰ ਜਿਹੇ ਗੁਪਤ ਵਿੱਚ। ਉਪਰੰਦ ਯਹੂਦੀ ਤਿਸ ਨੂੰ ਪਰਬ
੧੨ ਵਿੱਚ ਢੂੰਢਦੇ, ਅਰ ਆਖਦੇ ਸੇ, ਜੋ ਉਹ ਕਿੱਥੇ ਹੈ? ਅਰ ਲੋਕਾਂ ਵਿੱਚ
ਉਸ ਦੀ ਬਾਬਤ ਬਹੁਤ ਘੁੜਬੁੜਾਹਟ ਸੀ। ਬਾਜੇ ਤਾ ਆਖਦੇ
ਸੇ, ਕਿ ਉਹ ਅੱਛਾ ਹੈ, ਪਰ ਹੋਰ ਆਖਦੇ ਸੇ, ਨਹੀਂ, ਬਲਕ ਉਹ
੧੩ ਲੋਕਾਂ ਨੂੰ ਭਟਕਾਉਂਦਾ ਹੈ। ਪਰ ਤਾਂ ਬੀ ਯਹੂਦੀਆਂ ਤੇ ਡਰ ਦੇ ਮਾ-

ਰੇ ਕੋਈ ਤਿਸ ਦੀ ਗੱਲ ਖੁਹਲਕੇ ਨਾ ਆਖਦਾ ਸਾ। ਅਤੇ ੧੪
ਪਰਬ ਦੇ ਵਿਚਲੇ ਸਮੇ ਯਿਸੂ ਮੰਦਰ ਵਿੱਚ ਗਿਆ, ਅਰ ਉਪਦੇਸ
ਕਰਦਾ ਸਾ। ਤਾਂ ਯਹੂਦੀ ਅਚੰਭਾ ਕਰਕੇ ਬੋਲਣ ਲੱਗੇ, ਜੋ ਬਿਨਾ ੧੫
ਪੜ੍ਹੇ ਇਹ ਕਿਸ ਤਰਾਂ ਇਲਮ ਜਾਣਦਾ ਹੈ? ਯਿਸੂ ਨੈ ਤਿਨਾਂ ਨੂੰ ੧੬
ਉੱਤਰ ਦੇਕੇ ਕਿਹਾ, ਕਿ ਮੇਰਾ ਉਪਦੇਸ ਮੇਰਾ ਨਹੀਂ, ਸਗੋਂ ਉਸ ਦਾ
ਹੈ, ਜਿਸ ਨੈ ਮੈ ਨੂੰ ਭੇਜਿਆ। ਜੇ ਕੋਈ ਉਸ ਦੀ ਇੱਛਿਆ ਅਨੁ- ੧੭
ਸਾਰ ਚੱਲਣਾ ਚਾਹੇ, ਤਾਂ ਉਹ ਜਾਣੇਗਾ, ਜੋ ਇਹ ਪਰਮੇਸੁਰ ਦੀ
ਵਲੋਂ ਹੈ, ਜਾ ਮੈਂ ਆਪ ਤੇ ਬੋਲਦਾ ਹਾਂ। ਜੋ ਕੋਈ ਆਪਣੀ ਵਲੋਂ ੧੮
ਆਖਦਾ ਹੈ, ਸੋ ਆਪਣੀ ਵਡਿਆਈ ਚਾਹੁੰਦਾ ਹੈ; ਪਰ ਜੋ
ਆਪਣੇ ਭੇਜਣਵਾਲੇ ਦੀ ਵਡਿਆਈ ਚਾਹੁੰਦਾ ਹੈ, ਸੋ ਸੱਚਾ ਹੈ;
ਅਰ ਤਿਸ ਵਿੱਚ ਅਧਰਮ ਨਹੀਂ। ਕਿਆ ਮੂਸਾ ਨੈ ਤੁਸਾ ਨੂੰ ਤੋ- ੧੯
ਰਾਤ ਨਹੀਂ ਸੌਂਪੀ? ਪਰ ਤੁਸਾਂ ਵਿੱਚੋਂ ਕੋਈ ਤੋਰਾਤ ਪੁਰ ਨਹੀਂ ਚਲ-
ਦਾ। ਤੁਸੀਂ ਕਿੰਉ ਮੇਰੀ ਕਤਲ ਦੇ ਮਗਰ ਹੋ? ਲੋਕਾਂ ਨੈ ਉੱਤਰ ੨੦
ਦੇਕੇ ਕਿਹਾ, ਤੈ ਨੂੰ ਤਾ ਭੂਤ ਲੱਗਾ ਹੋਇਆ ਹੈ; ਕੌਣ ਤੇਰੀ ਕਤਲ
ਦੇ ਮਗਰ ਹੈ? ਯਿਸੂ ਨੈ ਅੱਗੋਂ ਤਿਨਾਂ ਨੂੰ ਆਖਿਆ, ਮੈਂ ਇੱਕ ਕੰਮ ੨੧
ਕੀਤਾ ਹੈ, ਅਰ ਤੁਸੀਂ ਸਭ ਇਸ ਕਾਰਨ ਕਰਕੇ ਅਚੰਭਾ ਕਰਦੇ
ਹੋ। ਮੂਸਾ ਨੈ ਤੁਹਾ ਨੂੰ ਸੁੰਨਤ ਦੀ ਰਸਮ ਦਿੱਤੀ; ( ਇਹ ਨਹੀਂ ਜੋ ੨੨
ਉਹ ਮੂਸਾ ਤੇ ਹੈ, ਬਲਕ ਪਿਤਰਾਂ ਤੇ ਹੈ; ) ਅਤੇ ਤੁਸੀਂ ਸਬਤ ਦੇ
ਦਿਨ ਮਨੁੱਖ ਦੀ ਸੁੰਨਤ ਕਰਦੇ ਹੋ। ਜਾਂ ਸਬਤ ਦੇ ਦਿਨ ਮਨੁੱਖ ੨੩
ਦੀ ਸੁੰਨਤ ਕੀਤੀ ਜਾਂਦੀ ਹੈ, ਇਸ ਵਾਸਤੇ ਜੋ ਮੂਸਾ ਦੀ ਤੋਰਾਤ
ਵਿੱਚ ਭੰਗ ਨਾ ਪਵੇ, ਤਾਂ ਕਿਆ ਤੁਸੀਂ ਇਸ ਵਾਸਤੇ ਮੇਰੇ ਪੁਰ
ਖੁਣਸਦੇ ਹੋ, ਜੋ ਮੈਂ ਸਬਤ ਦੇ ਦਿਨ ਇੱਕ ਮਨੁੱਖ ਨੂੰ ਬਿੱਲਕੁੱਲ ਅੱਛਾ
ਕੀਤਾ? ਵਿਖਲਾਈ ਦੇਣੇ ਅਨੁਸਾਰ ਵਿਚਾਰ ਨਾ ਕਰੋ, ਸਗੋਂ ੨੪
ਠੀਕ ਵਿਚਾਰ ਕਰੋ। ਉਪਰੰਦ ਕਿਤਨਿਆਂ ਯਰੂਸਾਲਮੀ- ੨੫
ਆਂ ਨੈ ਕਿਹਾ, ਕਿਆ ਇਹ ਉਹੋ ਨਹੀਂ, ਜਿਸ ਦੇ ਕਤਲ ਕਰਨੇ ਦੇ

੨੬ ਮਗਰ ਹਨ ? ਅਰ ਵੇਖੋ, ਉਹ ਤਾ ਹਿਆਉਂ ਨਾਲ਼ ਗੱਲਾਂ ਕਰਦਾ
ਹੈ, ਅਰ ਉਹ ਉਸ ਨੂੰ ਕੁਛ ਨਹੀਂ ਆਖਦੇ। ਕਿਆ ਸਰਦਾਰਾਂ
੨੭ ਨੈ ਸੱਚ ਜਾਣ ਲਿਆ, ਜੋ ਠੀਕ ਇਹੋ ਮਸੀਹ ਹੈ ? ਪਰ ਅਸੀਂ
ਇਸ ਨੂੰ ਜਾਣਦੇ ਹਾਂ, ਜੋ ਕਿੱਥੋਂ ਹੈ; ਪਰ ਜਾਂ ਮਸੀਹ ਆਵੇਗਾ, ਤਾਂ
੨੮ ਕੋਈ ਨਹੀਂ ਜਾਣਦਾ, ਜੋ ਉਹ ਕਿੱਥੋਂ ਹੈ। ਉਪਰੰਦ ਯਿਸੂ ਨੈ ਮੰਦਰ
ਵਿੱਚ ਉਪਦੇਸ ਕਰਦੇ ਹੋਏ ਐਉਂ ਪੁਕਾਰਿਆ, ਤੁਸੀਂ ਤਾ ਮੈ ਨੂੰ
ਜਾਣਦੇ, ਅਰ ਇਹ ਜਾਣਦੇ ਹੋ, ਜੋ ਮੈਂ ਕਿੱਥੋਂ ਹਾਂ; ਅਰ ਮੈਂ ਆਪੇ
ਨਹੀਂ ਆਇਆ; ਪਰ ਮੇਰਾ ਭੇਜਣਵਾਲ਼ਾ ਸੱਚਾ ਹੈ, ਜਿਹ ਨੂੰ ਤੁ-
੨੯ ਸੀਂ ਨਹੀਂ ਜਾਣਦੇ। ਪਰ ਮੈਂ ਤਿਸ ਨੂੰ ਜਾਣਦਾ ਹਾਂ, ਕਿੰਉਕਿ ਮੈਂ ਉਹ
੩੦ ਦੀ ਵਲੋਂ ਆਇਆ ਹਾਂ, ਅਤੇ ਉਸ ਨੈ ਮੈ ਨੂੰ ਭੇਜਿਆ ਹੈ। ਤਦ
ਓਹ ਤਿਸ ਦੇ ਪਕੜਨੇ ਦੇ ਮਗਰ ਸੇ; ਪਰ ਕਿਸੇ ਨੈ ਤਿਸ ਪੁਰ ਹੱਥ
ਨਾ ਪਾਇਆ; ਇਸ ਲਈ ਜੋ ਤਿਸ ਦਾ ਸਮਾ ਨਹੀਂ ਪਹੁੰਚਿਆ
੩੧ ਸਾ। ਪਰ ਬਥੇਰੇ ਉਨ੍ਹਾਂ ਲੋਕਾਂ ਵਿੱਚੋਂ ਤਿਸ ਪੁਰ ਪਤੀਜੇ,
ਅਰ ਬੋਲੇ, ਕਿ ਜਾਂ ਮਸੀਹ ਆਵੇਗਾ, ਤਾਂ ਕਿਆ ਉਹ ਉਨ੍ਹਾਂ
ਨਸਾਨੀਆਂ ਤੇ, ਜੋ ਇਸ ਨੈ ਵਿਖਾਲ਼ੀਆਂ ਹਨ, ਵਧੀਕ ਵਿਖਾ-
ਲੇਗਾ ?

੩੨ ਫਰੀਸੀਆਂ ਨੈ ਉਸ ਦੀ ਬਾਬਤ ਲੋਕਾਂ ਦੀ ਇਹ ਘੁੜਬੁੜਾਹਟ
ਸੁਣੀ; ਤਾਂ ਫਰੀਸੀਆਂ ਅਰ ਪਰਧਾਨ ਜਾਜਕਾਂ ਨੈ ਪਿਆਦੇ
੩੩ ਘੱਲੇ, ਜੋ ਉਸ ਨੂੰ ਪਕੜ ਲੈਣ। ਉਪਰੰਦ ਯਿਸੂ ਨੈ ਤਿਨ੍ਹਾਂ ਨੂੰ ਆ-
ਖਿਆ, ਹੁਣ ਥੁਹੁੜਾ ਚਿਰ ਮੈਂ ਤੁਹਾਡੇ ਨਾਲ਼ ਹਾਂ; ਫੇਰ ਆਪਣੇ
੩੪ ਭੇਜਣਵਾਲ਼ੇ ਪਾਸ ਚਲਿਆ ਜਾਵਾਂਗਾ। ਤੁਸੀਂ ਮੈ ਨੂੰ ਢੂੰਡੋਗੇ,
ਅਰ ਨਾ ਪਾਓਗੇ; ਅਤੇ ਜਿੱਥੇ ਮੈਂ ਹੋਵਾਂ, ਤੁਸੀਂ ਨਾ ਆ ਸੱਕੋਗੇ।
੩੫ ਉਪਰੰਦ ਯਹੂਦੀਆਂ ਨੈ ਆਪਸ ਵਿੱਚ ਆਖਿਆ, ਕਿ ਉਹ ਕਿੱਥੇ
ਜਾਵੇਗਾ, ਜੋ ਅਸੀਂ ਤਿਸ ਨੂੰ ਨਾ ਪਾਵਾਂਗੇ ? ਕਿਆ ਉਹ ਖਿੰਡਿ-
ਆਂ ਹੋਇਆਂ ਯੂਨਾਨੀਆਂ ਵਿੱਚ ਜਾਵੇਗਾ, ਅਰ ਯੂਨਾਨੀਆਂ

ਨੂੰ ਉਪਦੇਸ ਕਰੇਗਾ ? ਇਹ ਕੀ ਗੱਲ ਹੈ, ਜੋ ਉਸ ਨੈ ਆਖੀ, ਕਿ ੩੬
ਤੁਸੀਂ ਮੈ ਨੂੰ ਭਾਲੋਗੇ, ਅਰ ਨਾ ਪਾਓਗੇ; ਅਰ ਜਿੱਥੇ ਮੈਂ ਹੋਵਾਂ,
ਤੁਸੀਂ ਨਾ ਆ ਸੱਕੋਗੇ ?

ਅਤੇ ਪਰਬ ਦੇ ਪਿਛਲੇ ਅਰ ਵਡੇ ਦਿਨ ਵਿੱਚ ਯਿਸੂ ਖੜਾ ਹੋ- ੩੭
ਇਆ, ਅਰ ਇਹ ਆਖਕੇ ਪੁਕਾਰਿਆ, ਕਿ ਜੇ ਕੋਈ ਤਿਹਾਇ-
ਆ ਹੋਵੇ, ਤਾਂ ਮੇਰੇ ਕੋਲ ਆਕੇ ਪੀਵੇ। ਜੋ ਕੋਈ ਮੇਰੇ ਪੁਰ ਪਤੀਜ- ੩੮
ਦਾ ਹੈ, ਗ੍ਰੰਥ ਦੇ ਵਾਕ ਅਨੁਸਾਰ ਅਮਰਤ ਜਲ ਦੀਆਂ ਨਦੀਆਂ
ਤਿਸ ਦੇ ਅੰਦਰੋਂ ਚੱਲਣਗੀਆਂ। (ਪਰ ਉਹ ਨੈ ਇਹ ਗੱਲ ਆਤ- ੩੯
ਮਾ ਦੀ ਬਾਬਤ ਕਹੀ, ਜਿਸ ਨੂੰ ਤਿਸ ਦੇ ਪਤੀਜਣਵਾਲੇ ਪਾਉਣ
ਪੁਰ ਸੇ; ਕਿੰਉਕਿ ਪਵਿਤ੍ਰ ਆਤਮਾ ਤਦ ਲਗ ਦਿੱਤਾ ਨਾ ਗਿਆ
ਸਾ; ਇਸ ਵਾਸਤੇ ਜੋ ਯਿਸੂ ਅਜਾਂ ਆਪਣੇ ਪਰਤਾਪ ਲਗ ਨਾ
ਪਹੁੰਚਿਆ ਸਾ।) ਤਾਂ ਉਨਾਂ ਲੋਕਾਂ ਵਿੱਚੋਂ ਬਥੇਰਿਆਂ ਨੈ ਇਹ ੪੦
ਗੱਲ ਸੁਣਕੇ, ਆਖਿਆ, ਠੀਕ ਇਹ ਉਹੋ ਪਿਕੰਬਰ ਹੈ। ਦੂਜਿ- ੪੧
ਆਂ ਨੈ ਕਿਹਾ, ਇਹ ਮਸੀਹ ਹੈ। ਪਰ ਹੋਰਨਾਂ ਨੈ ਆਖਿਆ,
ਕਿਆ ਮਸੀਹ ਜਲੀਲ ਤੇ ਆਉਂਦਾ ਹੈ ? ਕਿਆ ਕਿਤੇਬ ਨਹੀਂ ੪੨
ਕਹਿੰਦੀ ਹੈ, ਜੋ ਮਸੀਹ ਦਾਊਦ ਦੀ ਅੰਸੋਂ, ਅਰ ਬੈਤਲਹਮ ਦੀ
ਨਗਰੀ ਤੇ, ਕਿ ਜਿੱਥੇ ਦਾਊਦ ਸਾ, ਆਉਂਦਾ ਹੈ ? ਸੋ ਤਿਸ ਦੀ ੪੩
ਬਾਬਤ ਲੋਕਾਂ ਵਿੱਚ ਫਾਟਕ ਪਿਆ। ਅਰ ਕਿਤਨਿਆਂ ਨੈ ਉਨਾਂ ੪੪
ਵਿੱਚੋਂ ਚਾਹਿਆ, ਜੋ ਤਿਸ ਨੂੰ ਪਕੜ ਲੈਣ; ਪਰ ਕਿਸੇ ਨੈ ਤਿਸ ਪੁਰ
ਹੱਥ ਨਾ ਪਾਇਆ ॥

ਉਪਰੰਦ ਓਹ ਪਿਆਦੇ ਪਰਧਾਨ ਜਾਜਕਾਂ ਅਰ ਫਰੀਸੀਆਂ ੪੫
ਪਾਸ ਆਏ; ਅਰ ਉਨੀਂ ਤਿਨਾਂ ਨੂੰ ਕਿਹਾ, ਤੁਸੀਂ ਉਸ ਨੂੰ ਕਿੰਉ
ਨਹੀਂ ਲਿਆਏ ? ਪਿਆਦਿਆਂ ਨੈ ਉੱਤਰ ਦਿੱਤਾ, ਜੋ ਕਿਸੇ ੪੬
ਮਨੁੱਖ ਨੈ ਇਸ ਮਨੁੱਖ ਦੇ ਤੁੱਲ ਕਦੀ ਗੱਲ ਨਹੀਂ ਆਖੀ। ਤਾਂ ਫਰੀ- ੪੭
ਸੀ ਅੱਗੋਂ ਬੋਲੇ, ਕਿਆ ਤੁਸੀਂ ਬੀ ਛਲ ਖਾਹਦਾ ? ਕਿਆ ਸਰ- ੪੮

ਦਾਰਾਂ ਅਰ ਫਰੀਸੀਆਂ ਵਿੱਚੋਂ ਕੋਈ ਤਿਸ ਪੁਰ ਪਤੀਜਿਆ ਹੈ?
੪੯ ੫੦ ਪਰ ਏਹ ਲੋਕ, ਜੋ ਸਰਾ ਨੂੰ ਨਹੀਂ ਜਾਣਦੇ, ਸੋ ਸਰਾਪਤ ਹਨ। ਨਿਕੁ-
ਦੀਮੁਸ ਨੈ, ਜੋ ਰਾਤ ਨੂੰ ਯਿਸੂ ਪਾਸ ਆਇਆ ਸਾ, ਅਰ ਇੱਕ
੫੧ ਉਨ੍ਹਾਂ ਵਿੱਚੋਂ ਸਾ, ਤਿਨ੍ਹਾਂ ਨੂੰ ਆਖਿਆ, ਕਿਆ ਸਾਡੀ ਸਰਾ ਕਿਸੇ
ਪੁਰ, ਇਸ ਤੇ ਅੱਗੇ ਜੋ ਉਹ ਦੀ ਸੁਣੇ, ਅਰ ਜਾਣੇ, ਜੋ ਉਹ ਕੀ
੫੨ ਕਰਦਾ ਹੈ, ਹੁਕਮ ਦਿੰਦੀ ਹੈ? ਉਨ੍ਹਾਂ ਨੈ ਉੱਤਰ ਦੇਕੇ ਤਿਸ ਨੂੰ ਕਿ-
ਹਾ, ਕਿਆ ਤੂੰ ਭੀ ਜਲੀਲੀ ਹੈਂ? ਭਾਲ, ਅਰ ਦੇਖ, ਜੋ ਜਲੀਲੋਂ
੫੩ ਕੋਈ ਪਿਕੰਬਰ ਨਹੀਂ ਉਪਜਿਆ। ਫੇਰ ਹਰੇਕ ਆਪੋ
ਆਪਣੇ ਘਰ ਨੂੰ ਗਿਆ। ਅਰ ਯਿਸੂ ਕਊ ਦੇ ਪਹਾੜ ਨੂੰ ਸਿਧਾ-
ਰਿਆ॥——

੮ ਕਾਂਡ
੨ ਅਤੇ ਸਵੇਰ ਨੂੰ ਉਹ ਮੰਦਰ ਵਿੱਚ ਫੇਰ ਆਇਆ; ਅਰ ਸਭ
ਲੋਕ ਉਸ ਪਾਸ ਆਏ। ਅਤੇ ਉਹ ਬੈਠਕੇ ਤਿਨ੍ਹਾਂ ਨੂੰ ਉਪਦੇਸ
੩ ਕਰਦਾ ਸਾ। ਤਾਂ ਗ੍ਰੰਥੀ ਅਰ ਫਰੀਸੀ ਇੱਕ ਤੀਮੀਂ ਨੂੰ, ਜੋ ਜਾਰੀ
ਤੇ ਪਕੜੀ ਗਈ ਸੀ, ਤਿਸ ਪਾਸ ਲਿਆਏ; ਅਰ ਉਸ ਨੂੰ ਗੱਭੇ
੪ ਖੜੀ ਕਰਕੇ, ਤਿਸ ਨੂੰ ਕਿਹਾ, ਹੇ ਗੁਰੂ, ਇਹ ਇਸਤ੍ਰੀ ਜਾਰੀ ਕਰਦੀ
੫ ਹੀ ਪਕੜੀ ਹੈ। ਅਰ ਮੂਸਾ ਨੈ ਤੋਰਾਤ ਵਿੱਚ ਸਾ ਨੂੰ ਹੁਕਮ ਦਿੱਤਾ
ਹੈ, ਜੋ ਏਹੀਆਂ ਜੇਹੀਆਂ ਪੱਥਰਾਂ ਨਾਲ ਮਾਰੀਆਂ ਜਾਣ; ਫੇਰ
੬ ਤੂੰ ਕੀ ਆਖਦਾ ਹੈਂ? (ਪਰ ਤਿਨ੍ਹਾਂ ਨੈ ਪਰਤਾਵੇ ਲਈ ਇਹ ਗੱਲ
ਕਹੀ ਸੀ, ਜੋ ਤਿਸ ਪੁਰ ਤੁਹਮਤ ਦਾ ਕਾਰਨ ਰੱਖਣ।) ਪਰ ਯਿਸੂ
ਹਿਠਾਹਾਂ ਨੇਉਂਕੇ, ਉਂਗਲੀ ਨਾਲ ਧਰਤੀ ਪੁਰ ਲਿਖਣ ਲੱਗਾ।
੭ ਪਰ ਜਾਂ ਓਹ ਉਸ ਤੇ ਪੁੱਛ ਰਹੇ ਸੇ, ਤਾਂ ਤਿਸ ਨੈ ਸਿੱਧੇ ਹੋਕੇ, ਉਨ੍ਹਾਂ
ਨੂੰ ਆਖਿਆ, ਕਿ ਤੁਸਾਂ ਵਿੱਚੋਂ ਜੋ ਨਿਰਦੋਸ ਹੋਵੇ, ਸੋਈ ਪਹਿਲੇ
੮ ਤਿਸ ਨੂੰ ਪੱਥਰ ਮਾਰੇ। ਤਦ ਫੇਰ ਹਿਠਾਹਾਂ ਨੇਉਂਕੇ ਧਰਤੀ ਪੁਰ
੯ ਲਿਖਣ ਲੱਗਾ। ਅਤੇ ਓਹ, ਜਾਂ ਇਹ ਸੁਣਿਆ, ਤਾਂ ਚਿੱਤ ਵਿੱਚ
ਆਪ ਨੂੰ ਪਾਪੀ ਜਾਣਕੇ, ਪਰਾਤਮਾਂ ਤੇ ਲਾਕੇ ਪਿਛਲਿਆਂ ਲਗ